# HOMEWORK 3/7/2020

Read below story then complete the Exercise

ਪਾਠ 9

## ਚੂਚੇ ਦਾ ਪਰਿਵਾਰ



*ਇਸ ਪਾਠ ਵਿਚ ਆਏ ਮੁਸ਼ਕਲ ਸ਼ਬਦਾਂ ਨੂੰ ਬੋਲਣਾ ਸਿੱਖੋ।*

| | | | | | |
|---|---|---|---|---|---|
| ਮੁਰਗਾ | ਮੁਰਗੀ | ਚੂਚਾ | ਕਲਗੀ | ਰੰਗ-ਬਰੰਗੇ | ਖੰਭ |
| ਮਨਮੋਹਣਾ | ਸਾਊ | ਅੰਡੇ | ਖੁੱਡਾ | ਭੂਰਾ | ਚੁੰਝ |
| ਰਾਖੀ | | | | | |

ਇਹ ਚੂਚੇ ਦਾ ਪਰਿਵਾਰ ਹੈ। ਚੂਚੇ ਦੇ ਪਰਿਵਾਰ ਵਿਚ ਤਿੰਨ ਜਣੇ ਰਹਿੰਦੇ ਹਨ; ਚੂਚਾ, ਮੁਰਗੀ ਤੇ ਮੁਰਗਾ। ਚੂਚੇ ਦਾ ਪਰਿਵਾਰ ਬਾਬੇ ਦਿੱਤੇ ਦੇ ਫ਼ਾਰਮ 'ਤੇ ਰਹਿੰਦਾ ਹੈ। ਫ਼ਾਰਮ 'ਤੇ ਚੂਚੇ ਦੇ ਪਰਿਵਾਰ ਵਾਸਤੇ ਇਕ ਖੁੱਡਾ ਹੈ। ਇਹ ਖੁੱਡਾ ਚੂਚੇ ਦੇ ਪਰਿਵਾਰ ਦਾ ਘਰ ਹੈ। ਚੂਚਾ ਭੂਰੇ ਰੰਗ ਦਾ ਛੋਟਾ ਜਿਹਾ ਪੰਛੀ ਹੈ। ਚੂਚੇ ਦੇ ਛੋਟੇ-ਛੋਟੇ ਖੰਭ ਹਨ। ਪਰ ਚੂਚਾ ਇਹਨਾਂ ਖੰਭਾਂ ਨਾਲ ਉੱਡ ਨਹੀਂ ਸਕਦਾ। ਚੂਚੇ ਦੇ ਮੂੰਹ ਦੇ ਅੱਗੇ ਇਕ ਛੋਟੀ ਜਿਹੀ ਚੁੰਝ ਹੁੰਦੀ ਹੈ। ਚੁੰਝ ਨਾਲ ਉਹ ਦਾਣੇ ਚੁਗਦਾ ਹੈ। ਮੁਰਗੀ ਦੇ ਖੰਭ ਵੱਡੇ ਹੁੰਦੇ ਹਨ ਅਤੇ ਲੋੜ ਪੈਣ 'ਤੇ ਮੁਰਗੀ ਥੋੜਾ ਜਿਹਾ ਉੱਡ ਸਕਦੀ ਹੈ। ਮੁਰਗੀ ਦੇ ਸਿਰ 'ਤੇ ਛੋਟੀ ਜਿਹੀ ਲਾਲ ਕਲਗੀ ਹੁੰਦੀ ਹੈ।

ਮੁਰਗੇ ਦੀ ਪੂਛ ਦੇ ਖੰਭ ਰੰਗ-ਬਰੰਗੇ ਅਤੇ ਲੰਮੇ-ਲੰਮੇ ਹੁੰਦੇ ਹਨ। ਮੁਰਗੇ ਦੀ ਕਲਗੀ ਬਹੁਤ ਵੱਡੀ ਅਤੇ ਸੋਹਣੀ ਹੁੰਦੀ ਹੈ। ਮੁਰਗਾ, ਮੁਰਗੀ ਅਤੇ ਚੂਚੇ ਦੀ ਰਾਖੀ ਕਰਦਾ ਹੈ। ਚੂਚਾ ਬਹੁਤ ਹੀ ਸੋਹਣਾ, ਮਨਮੋਹਣਾ ਅਤੇ ਸਾਊ ਪੰਛੀ ਹੈ।

### ਅਭਿਆਸ

1. ਹੇਠਾਂ ਲਿਖੇ ਵਾਕਾਂ ਵਿਚ ਖ਼ਾਲੀ ਥਾਵਾਂ 'ਤੇ ਠੀਕ ਸ਼ਬਦ ਭਰੋ।
   ੧. ਚੂਚੇ ਦਾ ਘਰ ਇਕ______________ਹੁੰਦਾ ਹੈ।
   ੨. ਮੁਰਗੇ ਦੀ ਚੁੰਝ ਚੂਚੇ ਦੀ ਚੁੰਝ ਨਾਲੋਂ______________ਹੁੰਦੀ ਹੈ।
   ੩ ਚੂਚਾ ਬਹੁਤ ਸੋਹਣਾ, ______________ਅਤੇ ਸਾਊ ਪੰਛੀ ਹੈ।

2. ਹੇਠਾਂ ਲਿਖੇ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ।
   ੧. ਮੁਰਗੀ ਕਦੋਂ ਉੱਡਦੀ ਹੈ ?
      (ੳ) ਖਾਣਾ ਖਾਣ ਵਾਸਤੇ।
      (ਅ) ਚੂਚੇ ਨਾਲ ਖੇਡਣ ਵਾਸਤੇ।
      (ੲ) ਲੋੜ ਪੈਣ 'ਤੇ।
   ੨. ਚੂਚਾ ਕਿਸ ਤਰ੍ਹਾਂ ਦਾ ਪੰਛੀ ਹੈ ?
      (ੳ) ਸੋਹਣਾ ਤੇ ਬਹੁਤ ਤੇਜ਼ ਉੱਡਣ ਵਾਲਾ।
      (ਅ) ਸੋਹਣਾ, ਸਾਊ ਤੇ ਬਹੁਤ ਵੱਡਾ।
      (ੲ) ਸੋਹਣਾ, ਮਨਮੋਹਣਾ ਤੇ ਸਾਊ।

3. ਹੇਠਾਂ ਲਿਖੇ ਸ਼ਬਦਾਂ ਦੇ ਮਤਲਬ ਯਾਦ ਕਰੋ।

| | | | | | |
|---|---|---|---|---|---|
| ਮੁਰਗਾ | rooster | ਮੁਰਗੀ | hen | ਚੂਚਾ | chick |
| ਕਲਗੀ | crest | ਰੰਗ-ਬਰੰਗੇ | colorful | ਖੰਭ | feathers/ wings |
| ਮਨਮੋਹਣਾ | cute | ਸਾਊ | gentle | ਅੰਡੇ | eggs |
| ਖੁੱਡਾ | pen (box) | ਭੂਰਾ | all shades of brown | ਚੁੰਝ | beak |

Virsa homework

Do your history questions

Read Sakhi

Recite Japji Sahib

ਪੰਜਾਬੀ ਕਲਾਸ ੨੦੨੦

पंजाबी [illegible] २०२०

पंजाबी उडास २०२०